## ਅਸੀਂ ਕੌਣ ਹਾਂ

ਅਸੀਂ ਇੱਕ ਸੁਤੰਤਰ ਦਫ਼ਤਰ ਹਾਂ ਜੋ ਵਿਧਾਨ ਸਭਾ ਨੂੰ ਜਵਾਬਦੇਹ ਹੈ - ਕਿਸੇ ਸਰਕਾਰੀ ਮੰਤਰਾਲੇ ਨੂੰ ਨਹੀਂ - ਤਾਂ ਜੋ ਅਸੀਂ ਪੂਰੀ ਤਰ੍ਹਾਂ ਬੱਚਿਆਂ ਅਤੇ ਨੌਜਵਾਨਾਂ ਦੀ ਭਲਾਈ 'ਤੇ ਧਿਆਨ ਕੇਂਦਰਿਤ ਕਰ ਸਕੀਏ। ਸਾਡਾ ਅਧਿਕਾਰ ਬੱਚਿਆਂ ਅਤੇ ਨੌਜਵਾਨਾਂ ਦੇ ਪ੍ਰਤੀਨਿਧੀ ਐਕਟ ਦੁਆਰਾ ਸਥਾਪਤ ਕੀਤਾ ਜਾਂਦਾ ਹੈ, ਅਤੇ ਸਾਡਾ ਕੰਮ ਬੀ.ਸੀ. ਵਿੱਚ ਨੌਜਵਾਨਾਂ ਲਈ ਚੀਜ਼ਾਂ ਨੂੰ ਬਿਹਤਰ ਬਣਾਉਣਾ ਹੈ।

## ਅਸੀਂ ਇਹ ਕਰਦੇ ਹਾਂ:

### ਵਿਅਕਤੀਗਤ ਪੱਧਰ 'ਤੇ ਵਕਾਲਤ

ਅਸੀਂ ਨੌਜਵਾਨਾਂ ਅਤੇ ਪਰਿਵਾਰਾਂ ਨੂੰ ਚੁਨੌਤੀਆਂ ਵਿੱਚੋਂ ਲੰਘਣ ਵਿੱਚ ਮਦਦ ਕਰਦੇ ਹਾਂ ਅਤੇ ਸਰਕਾਰੀ ਸੇਵਾਵਾਂ ਪ੍ਰਾਪਤ ਕਰਨ ਵਿੱਚ ਉਹਨਾਂ ਨੂੰ ਆਉਂਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਮਦਦ ਕਰਦੇ ਹਾਂ।

### ਸਮੀਖਿਆਵਾਂ ਅਤੇ ਤਫਤੀਸ਼ਾਂ

ਅਸੀਂ ਸਰਕਾਰੀ ਸੇਵਾਵਾਂ ਪ੍ਰਾਪਤ ਕਰ ਰਹੇ ਨੌਜਵਾਨਾਂ ਦੀਆਂ ਸੱਟਾਂ ਅਤੇ ਮੌਤਾਂ ਦੀ ਸਮੀਖਿਆ ਅਤੇ ਤਫਤੀਸ਼ ਕਰਦੇ ਹਾਂ। ਅਸੀਂ ਉਨ੍ਹਾਂ ਪੈਟਰਨਾਂ ਅਤੇ ਰੁਝਾਨਾਂ ਦੀ ਭਾਲ ਕਰਦੇ ਹਾਂ ਜੋ ਸੇਵਾਵਾਂ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦੇ ਹਨ।

### ਸਿਸਟਮ ਦੇ ਪੱਧਰ 'ਤੇ ਵਕਾਲਤ

ਅਸੀਂ ਸੇਵਾਵਾਂ ਅਤੇ ਸਹਾਇਤਾ ਵਿੱਚ ਪਾੜੇ ਨੂੰ ਉਘਾੜਦੇ ਹਾਂ, ਰਿਪੋਰਟਾਂ ਜਾਰੀ ਕਰਦੇ ਹਾਂ, ਸਿਫ਼ਾਰਸ਼ਾਂ ਕਰਦੇ ਹਾਂ ਅਤੇ ਸਰਕਾਰ ਨੂੰ ਬਦਲਾਅ ਲਈ ਜਵਾਬਦੇਹ ਬਣਾਉਂਦੇ ਹਾਂ।

**ਅਸੀਂ ਜੋ ਵੀ ਕਰਦੇ ਹਾਂ ਉਹ ਨੌਜਵਾਨਾਂ ਦਾ ਸਮਰਥਨ ਕਰਨ ਵਾਲੇ ਸਿਸਟਮਾਂ ਨੂੰ ਬਿਹਤਰ ਢੰਗ ਨਾਲ ਕੰਮ ਕਰਨ ਵਾਲੇ ਬਣਾਉਣ ਨਾਲ ਸਬੰਧਿਤ ਹੈ।**

## ਸਾਡੇ ਨਾਲ ਸੰਪਰਕ ਕਰੋ

ਅਸੀਂ ਤੁਹਾਡੀ ਸਹਾਇਤਾ ਕਿਵੇਂ ਕਰ ਸਕਦੇ ਹਾਂ, ਇਹ ਜਾਣਨ ਲਈ ਸਾਨੂੰ ਫੋਨ ਕਰੋ ਜਾਂ ਈਮੇਲ ਭੇਜੋ।

**1-800-476-3933**

**rcy@rcybc.ca**

B.C.'s Representative for Children and Youth

rep4youth

@rcybcyouth

@RCYBC

@rcybc.bsky.social

### ਦਫ਼ਤਰ

Suite 400, 1019 Wharf St.
Victoria B.C. V8W 2Y9

404, 1488 - 4th Ave
Prince George, B.C. V2L 4Y2

ਸਾਡੀ ਵੈੱਬਸਾਈਟ 'ਤੇ ਹੋਰ ਜਾਣੋ।

RC&Y

[Punjabi]



# ਨੌਜਵਾਨਾਂ ਦੀ ਆਵਾਜ਼ ਨੂੰ ਹੋਰ ਬੁਲੰਦ ਕਰਨਾ

ਕੀ ਬੀ.ਸੀ. ਵਿੱਚ ਨੌਜਵਾਨਾਂ ਲਈ ਸੇਵਾਵਾਂ ਅਤੇ ਸਹਾਇਤਾ ਬਾਰੇ ਤੁਹਾਡੀ ਕੋਈ ਚਿੰਤਾ ਹੈ?
**ਅਸੀਂ ਮਦਦ ਕਰਨ ਲਈ ਹਾਜ਼ਰ ਹਾਂ।**

RC&Y Representative for Children & Youth



## ਅਸੀਂ ਕਿਸ ਦੀ ਮਦਦ ਕਰਦੇ ਹਾਂ

### ਬੱਚੇ ਅਤੇ ਨੌਜਵਾਨ

**19 ਸਾਲ ਤੋਂ ਘੱਟ ਉਮਰ ਦੇ**

- ਸਰਕਾਰੀ ਦੇਖਭਾਲ ਜਾਂ ਹੋਰ ਦੇਖਭਾਲ ਪ੍ਰਬੰਧਾਂ ਜਿਵੇਂ ਕਿ ਯੁਵਾ ਸਮਝੌਤੇ ਜਾਂ ਰਹਿਣ-ਸਹਿਣ ਦੀ ਹਾਲਤ ਵਿੱਚ ਸਹਾਇਤਾ
- ਮਾਨਸਿਕ ਸਿਹਤ ਅਤੇ ਨਸ਼ਿਆਂ ਦੀ ਦੁਰਵਰਤੋਂ ਬਾਰੇ ਸਹਾਇਤਾ
- ਅਪੰਗਤਾ ਲਈ ਸਹਾਇਤਾ ਤੱਕ ਪਹੁੰਚ
- ਸ਼ੁਰੂਆਤੀ ਬਚਪਨ ਦੇ ਵਿਕਾਸ (ਅਰਲੀ ਚਾਇਲਡਹੁੱਡ ਡਿਵੈਲਪਮੈਂਟ) ਜਾਂ ਬਾਲ ਦੇਖਭਾਲ ਸੇਵਾਵਾਂ ਤੱਕ ਪਹੁੰਚ
- ਯੁਵਾ ਨਿਆਂ ਪ੍ਰਣਾਲੀ ਬਾਰੇ ਸਹਾਇਤਾ

### ਨੌਜਵਾਨ ਬਾਲਗ

**19 ਤੋਂ 27**

- ਬਾਲਗ ਬਣਨ ਲਈ ਤਿਆਰੀ
- ਪ੍ਰੋਵਿੰਸ਼ੀਅਲ ਟਿਊਸ਼ਨ ਵੇਵਰ (ਸੂਬਾਈ ਟਿਊਸ਼ਨ ਛੋਟ) ਪ੍ਰੋਗਰਾਮ
- ਕਮਿਊਨਿਟੀ ਲਿਵਿੰਗ ਬੀ.ਸੀ. ਸਰਵਿਸਿਜ਼

ਮੈਂ ਆਪਣੇ ਪਰਿਵਾਰ ਨੂੰ ਹੋਰ ਮਿਲਣਾ ਚਾਹੁੰਦਾ/ਚਾਹੁੰਦੀ ਹਾਂ। ਕੀ ਆਰ ਸੀ ਵਾਈ ਮਦਦ ਕਰ ਸਕਦਾ ਹੈ?

ਮੈਂ ਸਰਕਾਰੀ ਦੇਖਭਾਲ ਵਿੱਚ ਰਿਹਾ/ਰਹੀ ਹਾਂ ਅਤੇ ਹੁਣ ਮੈਂ ਆਪਣੀ ਦੇਖਭਾਲ ਖੁਦ ਕਰ ਰਿਹਾ/ਰਹੀ ਹਾਂ। ਕੀ ਕੋਈ ਹੈ ਜਿਸ ਕੋਲ ਮੈਂ ਜਾ ਸਕਦਾ/ਸਕਦੀ ਹਾਂ?

ਮੈਨੂੰ ਆਪਣੇ ਅਪਾਹਜ ਬੱਚੇ ਲਈ ਸਹਾਇਤਾ ਪ੍ਰਾਪਤ ਕਰਨ ਵਿੱਚ ਮੁਸ਼ਕਲ ਆ ਰਹੀ ਹੈ। ਮੈਨੂੰ ਕਿਹੜੀ ਸਹਾਇਤਾ ਮਿਲ ਸਕਦੀ ਹੈ?

ਮੈਂ ਆਪਣੇ ਸੋਸ਼ਲ ਵਰਕਰ ਦੇ ਫੈਸਲੇ ਨਾਲ ਅਸਹਿਮਤ ਹਾਂ। ਮੈਂ ਇਸ ਬਾਰੇ ਕਿਸ ਨਾਲ ਗੱਲ ਕਰ ਸਕਦਾ/ਸਕਦੀ ਹਾਂ?

ਮੇਰਾ ਗਰੈਂਡ ਚਾਈਲਡ(ਪੋਤਾ/ਦੋਹਤਾ/ਪੋਤੀ/ਦੋਹਤੀ) ਨਸ਼ੀਲੇ ਪਦਾਰਥਾਂ ਦੀ ਵਰਤੋਂ ਨਾਲ ਜੂਝ ਰਿਹਾ ਹੈ - ਕੌਣ ਮਦਦ ਕਰ ਸਕਦਾ ਹੈ?

## ਹੱਕਾਂ ਦਾ ਪ੍ਰਚਾਰ ਕਰਨਾ

ਇੱਕ ਹੱਕ-ਅਧਾਰਿਤ ਸੰਸਥਾ ਦੇ ਰੂਪ ਵਿੱਚ, ਆਰ ਸੀ ਵਾਈ ਨੌਜਵਾਨਾਂ ਦੇ ਹੱਕਾਂ ਲਈ ਖੜ੍ਹੇ ਹੋਣ ਲਈ ਹਾਜ਼ਰ ਹੈ। ਅਸੀਂ ਤੁਹਾਡੀ ਇਹ ਸਮਝਣ ਵਿੱਚ ਮਦਦ ਕਰ ਸਕਦੇ ਹਾਂ ਕਿ ਇਹ ਹੱਕ ਕੀ ਹਨ ਅਤੇ ਜੇਕਰ ਤੁਹਾਨੂੰ ਲੱਗਦਾ ਹੈ ਕਿ ਕਿਸੇ ਨੌਜਵਾਨ ਦੇ ਹੱਕਾਂ ਦਾ ਸਤਿਕਾਰ ਨਹੀਂ ਕੀਤਾ ਜਾ ਰਿਹਾ ਹੈ ਤਾਂ ਕੀ ਕਰਨਾ ਹੈ।

ਬੀ.ਸੀ. ਵਿੱਚ ਹਰੇਕ ਬੱਚੇ ਅਤੇ ਨੌਜਵਾਨ ਨੂੰ ਇਹ ਹੱਕ ਹੈ ਕਿ:

- ਉਹ ਸੁਰੱਖਿਅਤ ਹੋਵੇ
- ਉਹ ਸਿਹਤਮੰਦ ਹੋਵੇ
- ਉਹ ਆਪਣੇ ਢੰਗ ਨਾਲ ਜੀਅ ਸਕੇ
- ਉਸ ਨੂੰ ਸੁਣਿਆ ਜਾਵੇ

**ਨੌਜਵਾਨ ਦੇ ਹੱਕਾਂ ਬਾਰੇ ਹੋਰ ਜਾਣਨਾ ਚਾਹੁੰਦੇ ਹੋ?**

**ਸਾਨੂੰ ਫੋਨ ਕਰੋ!**